# ਡਾਇਰੈਕਟੋਰੇਟ ਆਫ ਸਕੂਲ ਐਜੂਕੇਸ਼ਨ (ਸੈਕੰਡਰੀ) ਪੰਜਾਬ

ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਈ-ਬਲਾਕ, ਚੌਥੀ ਮੰਜ਼ਿਲ, ਫੇਜ਼-8, ਸ.ਅ.ਸ. ਨਗਰ

ਵੱਲ,

ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ.),
ਪੰਜਾਬ ਰਾਜ ਵਿੱਚ।

ਮੀਮੋ ਨੰ. 22-3157
ਮਿਤੀ: 05-09-2024

**ਵਿਸ਼ਾ:-** **ਪੜਤਾਲੀਆ ਅਫਸਰਾਂ ਨੂੰ ਵਿਭਾਗ ਵੱਲੋਂ ਸੌਂਪੀਆਂ ਜਾਂਦੀਆਂ ਮੁੱਢਲੀਆਂ/ ਰੈਗੂਲਰ ਪੜਤਾਲਾਂ ਸਬੰਧੀ।**

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਆਪ ਨੂੰ ਲਿਖਿਆ ਜਾਂਦਾ ਹੈ ਕਿ ਸਮੂਹ ਜਿਲ੍ਹਾ ਸਿੱਖਿਆ ਅਫਸਰਾਂ ਪਾਸੋਂ ਸਿਫਾਰਸ਼ਾਂ ਪ੍ਰਾਪਤ ਕਰਨ ਉਪਰੰਤ ਵਿਭਾਗ ਵੱਲੋਂ ਕਰਵਾਈਆਂ ਜਾਂਦੀਆਂ ਮੁੱਢਲੀਆਂ/ ਰੈਗੂਲਰ ਪੜਤਾਲਾਂ ਲਈ ਹਰੇਕ ਜਿਲ੍ਹੇ ਵਿੱਚ ਪੜਤਾਲੀਆ ਅਫਸਰਾਂ ਦਾ ਇੱਕ ਪੈਨਲ ਨਿਸ਼ਚਿਤ ਕੀਤਾ ਗਿਆ ਹੈ। ਵਿਭਾਗ ਵੱਲੋਂ ਇਸ ਪੈਨਲ ਵਿੱਚ ਦਰਜ ਅਧਿਕਾਰੀਆਂ ਨੂੰ ਸਮੇਂ-ਸਮੇਂ ਤੇ ਮੁੱਢਲੀਆਂ/ ਰੈਗੂਲਰ ਪੜਤਾਲਾਂ ਸੌਂਪੀਆਂ ਜਾਂਦੀਆਂ ਹਨ। ਪਰੰਤੂ ਦਫਤਰ ਦੇ ਧਿਆਨ ਵਿੱਚ ਆਇਆ ਹੈ ਕਿ ਪੈਨਲ ਤੇ ਦਰਜ ਇਹਨਾਂ ਅਧਿਕਾਰੀਆਂ ਵੱਲੋਂ ਆਪਣੀ ਪੜਤਾਲ ਰਿਪੋਰਟ ਦਾ ਸਿੱਟਾ ਕੱਢਦੇ ਸਮੇਂ ਬੇਲੋੜੀਆਂ ਸਿਫਾਰਸ਼ਾਂ ਪੜਤਾਲ ਰਿਪੋਰਟ ਵਿੱਚ ਦਰਜ ਕਰ ਦਿੱਤੀਆਂ ਜਾਂਦੀਆਂ ਹਨ। ਜਦੋਂ ਕਿ ਪੜਤਾਲੀਆ ਅਫਸਰ ਦਾ ਕੰਮ ਕੇਵਲ ਇਹ ਦੱਸਣਾ ਹੁੰਦਾ ਹੈ ਕਿ ਸ਼ਿਕਾਇਤ/ ਦੋਸ਼ ਸੂਚੀ ਵਿੱਚ ਲੱਗੇ ਦੋਸ਼ ਸਹੀ ਹਨ ਜਾਂ ਨਹੀਂ।

ਉਪਰੋਕਤ ਦਰਸਾਈ ਸਥਿਤੀ ਦੇ ਸਨਮੁੱਖ ਆਪ ਨੂੰ ਲਿਖਿਆ ਜਾਂਦਾ ਹੈ ਕਿ ਆਪਣੇ ਜਿਲ੍ਹੇ ਦੇ ਪੈਨਲ ਵਿੱਚ ਦਰਜ ਪੜਤਾਲੀਆ ਅਫਸਰਾਂ ਨੂੰ ਇਹ ਸਪਸ਼ਟ ਹਦਾਇਤ ਕੀਤੀ ਜਾਵੇ ਕਿ ਉਹ ਪੜਤਾਲ ਕਰਦੇ ਸਮੇਂ ਸ਼ਿਕਾਇਤ/ ਦੋਸ਼ ਸੂਚੀ ਵਿੱਚ ਦਰਜ ਦੋਸ਼ ਸਿੱਧ ਹੋਣ ਜਾਂ ਨਾ ਹੋਣ ਬਾਰੇ ਆਪਣੀ ਰਿਪੋਰਟ ਦੇਣ ਅਤੇ ਉਹਨਾਂ ਵੱਲੋਂ ਪੜਤਾਲ ਰਿਪੋਰਟ ਵਿੱਚ ਬੇਲੋੜੀਆਂ ਸਿਫਾਰਸ਼ਾਂ ਨਾ ਕੀਤੀਆਂ ਜਾਣ।

ਇਹਨਾਂ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਯਕੀਨੀ ਬਣਾਈ ਜਾਵੇ।

05/9/2024
ਡਾਇਰੈਕਟਰ ਸਕੂਲ ਐਜੂਕੇਸ਼ਨ (ਸੈਕੰਡਰੀ)
ਪੰਜਾਬ।

ਪਿੱਠ ਅੰਕਣ ਨੰ. ਉਕਤ 22-3158 ਮਿਤੀ: 05-09-2024

ਉਪਰੋਕਤ ਦਾ ਉਤਾਰਾ ਸਮੂਹ ਜਿਲ੍ਹਿਆਂ ਦੇ ਪੈਨਲ ਵਿੱਚ ਦਰਜ ਪੜਤਾਲੀਆ ਅਫਸਰਾਂ ਨੂੰ ਵੈੱਬਸਾਈਟ ਰਾਹੀਂ ਭੇਜਦੇ ਹੋਏ ਲਿਖਿਆ ਜਾਂਦਾ ਹੈ ਕਿ ਉਹ ਉਕਤ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਯਕੀਨੀ ਬਣਾਉਣ।

05/9/2024
ਡਾਇਰੈਕਟਰ ਸਕੂਲ ਐਜੂਕੇਸ਼ਨ (ਸੈਕੰਡਰੀ)
ਪੰਜਾਬ।